# ਸਾਰੰਸ਼

ਪੰਜਾਬੀ ਸਾਹਿਤ ਨੇ ਬ੍ਰਿਟਿਸ਼ ਰਾਜਕਾਲ ਦੌਰਾਨ ਨਵਾਂ ਸਰੂਪ ਅਤੇ ਸੁਭਾਅ ਅਖ਼ਤਿਆਰ ਕੀਤਾ। ਹੋਰ ਸਾਹਿਤ ਰੂਪਾਂ ਵਾਂਗ ਪੰਜਾਬੀ ਨਾਵਲ ਵੀ ਪੱਛਮੀ ਸਾਹਿਤਕ ਪ੍ਰਭਾਵਾਂ ਦੀ ਉਪਜ ਹੈ। ਪੰਜਾਬੀ ਨਾਵਲ ਰਚਨਾ ਦੇ ਆਰੰਭਲੇ ਦੌਰ ਵਿਚ ਇਸ ਸਾਹਿਤ ਰੂਪ ਦਾ ਪ੍ਰਯੋਗ ਨਵੀਨ ਅਧਾਰਾਂ ਦੇ ਅਧਾਰ ਤੇ ਨਹੀਂ ਕੀਤਾ ਗਿਆ। ਮੁੱਢਲੇ ਦੌਰ ਦੇ ਪੰਜਾਬੀ ਨਾਵਲਕਾਰਾਂ ਨੇ ਧਰਮ ਸੁਧਾਰ ਨੂੰ ਆਧਾਰ ਬਣਾ ਕੇ ਨਾਵਲ ਰਚਨਾ ਕੀਤੀ। ਇਸੇ ਕਾਰਨ ਇਨ੍ਹਾਂ ਨਾਵਲਕਾਰਾਂ ਦੀ ਲੇਖਣੀ ਅਤੇ ਸੁਭਾਅ ਨੂੰ ਆਧੁਨਿਕ ਨਹੀਂ ਕਿਹਾ ਜਾ ਸਕਦਾ। ਸ਼ੁਰੂਆਤੀ ਦੌਰ ਤੇ ਨਾਵਲਾਂ ਦੇ ਨਾਵਲਕਾਰਾਂ ਦੁਆਰਾ ਨਿਰਦੇਸ਼ਿਤ ਪਾਤਰਾਂ ਵਿਚ ਵੀ ਆਧੁਨਿਕਤਾ ਦੀ ਝਲਕ ਕਿਧਰੇ ਵੀ ਨਜ਼ਰੀਂ ਨਹੀਂ ਪੈਂਦੀ। ਇਹ ਨਾਵਲਕਾਰ ਪਰੰਪਰਕ ਢੰਗਾਂ ਅਨੁਸਾਰ ਰਚਨਾ ਕਰਦੇ ਹੋਏ ਆਪਣੇ ਨਾਵਲਾਂ ਦੁਆਰਾ ਧਰਮ ਅਤੇ ਪਰੰਪਰਕ ਕੀਮਤਾਂ ਦੇ ਮਹੱਤਵ ਨੂੰ ਵਧੇਰੇ ਉਜਾਗਰ ਕਰਦੇ ਹਨ।

ਮੁੱਢਲੇ ਦੌਰ ਤੋਂ ਦੂਜੇ ਦੌਰ ਵਿਚ ਪ੍ਰਵੇਸ਼ ਨਾਲ ਪੰਜਾਬੀ ਨਾਵਲ, ਪੂਰਬਲੇ ਪੰਜਾਬੀ ਨਾਵਲ ਦੇ ਮੁਕਾਬਲੇ ਆਧੁਨਿਕ ਸਰੂਪ ਅਖ਼ਤਿਆਰ ਕਰਦਾ ਹੈ ਪਰ ਇਸ ਦੌਰ ਦੇ ਨਾਵਲਕਾਰਾਂ ਦੇ ਦ੍ਰਿਸ਼ਟੀਕੋਣ ਨੂੰ ਪੂਰਨ ਰੂਪ ਵਿਚ ਆਧੁਨਿਕ ਨਹੀਂ ਕਿਹਾ ਜਾ ਸਕਦਾ। ਨਾਵਲਾਂ ਵਿਚ ਵਿਚਰਦੇ ਪਾਤਰਾਂ ਦੀਆਂ ਬਾਹਰਮੁਖੀ ਕਿਰਿਆਵਾਂ ਕਿਧਰੇ-ਕਿਧਰੇ ਆਧੁਨਿਕਤਾ ਦਾ ਝਲਕਾਰਾ ਪਾਉਂਦੀਆਂ ਹਨ। ਪਰੰਤੂ ਇਹ ਪਾਤਰ ਪਰੰਪਰਕ ਸਮਾਜਿਕ ਕੀਮਤਾਂ ਦੇ ਗ਼ਲਬੇ ਤੋਂ ਪੂਰਨ ਸੁਤੰਤਰਤਾ ਹਾਸਲ ਕਰ ਚੁੱਕੇ ਪ੍ਰਤੀਤ ਨਹੀਂ ਹੁੰਦੇ। ਇਸੇ ਦੌਰ ਵਿਚ ਯਥਾਰਥਵਾਦੀ ਦ੍ਰਿਸ਼ਟੀਕੋਣ ਦੇ ਧਾਰਨੀ ਨਾਵਲਕਾਰਾਂ ਦੇ ਨਾਵਲ ਰਚਨਾ ਖੇਤਰ ਵਿਚ ਪ੍ਰਵੇਸ਼ ਕਰਨ ਨਾਲ ਪੰਜਾਬੀ ਨਾਵਲ ਪਰੰਪਰਾ ਤੋਂ ਆਧੁਨਿਕਤਾ ਵੱਲ ਪੁਲਾਂਘਾਂ ਪੁੱਟਦਾ ਹੈ। ਯਥਾਰਥਵਾਦੀ ਦ੍ਰਿਸ਼ਟੀਕੋਣ ਦੇ ਅਧਾਰ ਤੇ ਇਹ ਨਾਵਲਕਾਰ ਸਮਕਾਲੀ ਸਮਾਜ ਦੇ ਯਥਾਰਥ ਨੂੰ ਨਾਵਲੀ ਕ੍ਰਿਤਾਂ ਵਿਚ ਪੇਸ਼ ਕਰਦੇ ਹਨ। ਇਨ੍ਹਾਂ ਦੇ ਨਾਵਲਾਂ ਦੇ ਪਾਤਰਾਂ ਦੇ

ਵਿਹਾਰ ਅਤੇ ਲੱਛਣਾਂ ਤੋਂ ਇਨ੍ਹਾਂ ਦੀ ਸੋਚ ਸ਼ੈਲੀ ਕਿੱਧਰੇ ਆਧੁਨਿਕ ਪ੍ਰਤੀਤ ਹੁੰਦੀ ਹੈ ਤੇ ਕਿਧਰੇ ਪਰੰਪਰਾਗਤ।

ਤੀਜੇ ਦੌਰ ਦੇ ਨਾਵਲਕਾਰਾਂ ਦੇ ਪੰਜਾਬੀ ਨਾਵਲ ਰਚਨਾ ਖੇਤਰ ਵਿਚ ਆਗਮਨ ਨਾਲ ਪੰਜਾਬੀ ਨਾਵਲ ਆਧੁਨਿਕ ਦੌਰ ਵਿਚ ਪ੍ਰਵੇਸ਼ ਪ੍ਰਾਪਤ ਕਰਦਾ ਹੈ। ਆਧੁਨਿਕ ਦੌਰ ਨਾਲ ਸੰਬੰਧਿਤ ਨਾਵਲਕਾਰ ਸਮਾਜ ਦਾ ਚਿੱਤਰ ਆਧੁਨਿਕ ਪ੍ਰਗਟਾਅ ਢੰਗਾਂ ਦੇ ਪ੍ਰਯੋਗ ਰਾਹੀਂ ਉਲੀਕਣ ਵੱਲ ਰੁਚਿਤ ਹੋਏ। ਇਹ ਅਜੋਕੇ ਮਨੁੱਖ ਦੀਆਂ ਗੁੰਝਲਦਾਰ ਮਨੋਅਵਸਥਾਵਾਂ ਦੇ ਪ੍ਰਗਟਾਵੇ ਨੂੰ ਮਹੱਤਵ ਦਿੰਦੇ ਹਨ। ਤੀਜੇ ਦੌਰ ਦੇ ਨਾਵਲਕਾਰਾਂ ਵਿਚੋਂ ਕੁਝ ਨਾਵਲਕਾਰਾਂ ਨੇ ਪੇਂਡੂ ਸਭਿਆਚਾਰ ਨਾਲ ਸੰਬੰਧਿਤ ਆਪਣੇ ਪੇਂਡੂ ਪਾਤਰਾਂ ਦੀਆਂ ਸੋਚਾਂ, ਸਥਿਤੀਆਂ, ਕਿਰਿਆਵਾਂ ਪ੍ਰਤਿਕਿਰਿਆਵਾਂ ਨੂੰ ਆਪਣੀਆਂ ਰਚਨਾਵਾਂ ਦਾ ਧੁਰਾ ਬਣਾਇਆ ਹੈ। ਜਦ ਕਿ ਕੁਝ ਨਾਵਲਕਾਰਾਂ ਨੇ ਆਧੁਨਿਕ ਸ਼ਹਿਰੀ ਸਮਾਜ ਦੀ ਝਾਕੀ ਨੂੰ ਆਪਣੇ ਨਾਵਲਾਂ ਰਾਹੀਂ ਸੁਰਜੀਤ ਕੀਤਾ ਹੈ।

ਆਧੁਨਿਕ ਪੰਜਾਬੀ ਨਾਵਲਕਾਰ ਨਰਿੰਜਨ ਤਸਨੀਮ ਨੇ ਆਪਣੇ ਸ਼ਹਿਰੀ ਜੀਵਨ ਅਨੁਭਵਾਂ ਦੀ ਅਭਿਵਿਅਕਤੀ ਆਪਣੀਆਂ ਨਾਵਲੀ ਰਚਨਾਵਾਂ ਰਾਹੀਂ ਕੀਤੀ ਹੈ। ਆਪਣੇ ਨਾਵਲਾਂ ਵਿਚ ਵਿਚਰਦੇ ਪਾਤਰਾਂ ਦੇ ਮਨੋਭਾਵਾਂ ਅਤੇ ਉਹਨਾਂ ਦੇ ਅਨੁਰੂਪ ਢਲੀਆਂ ਕਿਰਿਆਵਾਂ ਨੂੰ ਉਘਾੜਨ ਲਈ ਤਸਨੀਮ ਨੇ ਪਰੰਪਰਾਗਤ ਪੰਜਾਬੀ ਨਾਵਲ ਵਿਚ ਪ੍ਰਯੋਗ ਹੋਣ ਵਾਲੀ ਬਿਰਤਾਂਤਕ ਵਿਧੀ ਦਾ ਆਸਰਾ ਨਹੀਂ ਲਿਆ। ਮਨੋਭਾਵਾਂ ਦੀ ਸੁਚੱਜੀ ਪੇਸ਼ਕਾਰੀ ਹਿੱਤ ਉਸ ਨੇ ਆਧੁਨਿਕ ਰਚਨਾ ਵਿਧੀਆਂ ਦਾ ਪ੍ਰਯੋਗ ਕੀਤਾ ਹੈ। ਚੇਤਨਾ ਪ੍ਰਵਾਹ, ਫੈਂਟੇਸੀ, ਸਵੈ-ਕਥਨ ਵਿਰੋਧ, ਚਿੱਤਰ, ਪ੍ਰਤੀਕਾਤਮਕਤਾ, ਪਿੱਛਲਝਾਤ ਆਦਿ ਨਵੀਆਂ ਚਿਤਰਨ ਜੁਗਤਾਂ ਦੇ ਪ੍ਰਯੋਗ ਰਾਹੀਂ ਉਹ ਪਾਤਰਾਂ ਦੇ ਅੰਤ੍ਰੀਵ ਅਤੇ ਬਾਹਰੀ ਯਥਾਰਥ ਦੀ ਪੇਸ਼ਕਾਰੀ ਕਰਦਾ ਹੈ। ਪੁਰਾਤਨ ਚਿਤਰਨ ਵਿਧੀਆਂ ਨੂੰ ਇਸ ਨਾਵਲਕਾਰ ਨੇ ਪੂਰੀ ਤਰ੍ਹਾਂ ਨਕਾਰਿਆ ਨਹੀਂ ਹੈ। ਉਹਨਾਂ ਦੀ ਵਰਤੋਂ ਵੀ ਇਸ ਨੇ ਵਿਸ਼ੇ ਅਨੁਰੂਪ ਕੀਤੀ ਹੈ। ਨਾਵਲ 'ਜਦੋਂ ਸਵੇਰ ਹੋਈ' ਦਾ ਸਮੁੱਚਾ ਢਾਂਚਾ ਤਸਨੀਮ ਨੇ ਪੁਰਾਤਨ ਪੰਜਾਬੀ ਨਾਵਲਾਂ ਵਿਚ ਪ੍ਰਯੋਗ ਹੋਣ ਵਾਲੀ ਬਿਰਤਾਂਤਕ ਵਿਧੀ ਦੇ ਪ੍ਰਯੋਗ ਰਾਹੀਂ ਹੀ ਉਸਾਰਿਆ ਹੈ। ਨਰਿੰਜਨ ਤਸਨੀਮ ਦੇ ਨਾਵਲਾਂ

ਦੇ ਪਾਤਰਾਂ ਦੀਆਂ ਭਾਵਨਾਵਾਂ ਅਤੇ ਉਹਨਾਂ ਅਨੁਰੂਪ ਢਲੀਆਂ ਉਹਨਾਂ ਦੀਆਂ ਕਿਰਿਆਵਾਂ ਇਹਨਾਂ ਪਾਤਰਾਂ ਦੀਆਂ ਸ਼ਖ਼ਸੀਅਤਾਂ ਨੂੰ ਮਾਇਨੇ ਪ੍ਰਦਾਨ ਕਰਦੀਆਂ ਹਨ। ਜਿੱਥੇ ਉਸ ਦੇ 'ਬੁਢਾਂ' ਅਤੇ 'ਭਾਈਆ ਜੀ' (ਜਦੋਂ ਸਵੇਰ ਹੋਈ) ਵਰਗੇ ਪੁਰਾਣੀ ਪੀੜ੍ਹੀ ਨਾਲ ਸੰਬੰਧਤ ਬਜ਼ੁਰਗ ਪਾਤਰ ਪ੍ਰਸਥਿਤੀਆਂ ਦੇ ਘੜੇ ਹੋਏ ਪ੍ਰਤੀਤ ਹੁੰਦੇ ਹਨ, ਉਥੇ ਉਸ ਦੇ ਬਾਕੀ ਅਧੇੜ ਉਮਰ ਅਤੇ ਨੌਜਵਾਨ ਨਾਵਲੀ ਪਾਤਰ ਪ੍ਰਸਥਿਤੀਆਂ ਨੂੰ ਆਪਣੇ ਅਨੁਰੂਪ ਘੜਨਾ ਲੋਚਦੇ ਹਨ। ਇਹਨਾਂ ਵਿਚੋਂ ਬਹੁਤੇ ਪਾਤਰ ਬਣਦੇ ਵਿਗੜਦੇ ਰਿਸ਼ਤਿਆਂ ਕਾਰਨ ਅਕੇਵਾਂ, ਬੇਗ਼ਾਨਗੀ, ਘੁਟਣ, ਲਿੰਗ ਭੁੱਖ ਅਤੇ ਭਾਵੁਕ ਵਿਗੋਚੇ ਵਰਗੀਆਂ ਸਥਿਤੀਆਂ ਦੇ ਸ਼ਿਕਾਰ ਬਣਦੇ ਹਨ।

ਨਰਿੰਜਨ ਤਸਨੀਮ ਦੇ ਨਾਵਲਾਂ ਵਿਚ ਪਰੰਪਰਾ ਅਤੇ ਆਧੁਨਿਕਤਾ ਦਾ ਤਣਾਅ ਪ੍ਰਤੱਖ ਜ਼ਾਹਿਰ ਹੁੰਦਾ ਹੈ। ਤਸਨੀਮ ਦੇ ਪਹਿਲੇ ਨਾਵਲ 'ਪਰਛਾਵੇਂ' ਦੇ ਮਿਸਿਜ ਨਿਕਸਨ ਅਤੇ ਰਮਿੰਦਰ ਵਰਗੇ ਪਾਤਰ ਸ਼ਹਿਰੀ ਕੀਮਤਾਂ ਦੇ ਅਨੁਰੂਪ ਆਪਣੀ ਜੀਵਨ ਸ਼ੈਲੀ ਨੂੰ ਢਾਲ ਲੈਣ ਲਈ ਸੁਚੇਤ ਤੌਰ ਤੇ ਯਤਨਸ਼ੀਲ ਹਨ ਪਰੰਤੂ ਅਚੇਤ ਪੱਧਰ ਤੇ ਇਹ ਸਥਾਪਤ ਰਵਾਇਤੀ ਕੀਮਤਾਂ ਦੇ ਵੀ ਅਨੁਸਾਰੀ ਹਨ। ਨਾਵਲ ਦੀ ਨਾਇਕਾ ਜਸਬੀਰ ਜਿੱਥੇ ਸੁਚੇਤ ਤੌਰ ਤੇ ਪਰੰਪਰਕ ਸਮਾਜਿਕ ਬੰਧਨਾਂ ਨੂੰ ਦਿਲੀ ਮਾਨਤਾ ਪ੍ਰਦਾਨ ਕਰਦੀ ਹੈ, ਉਥੇ ਸਹਿਜ ਸੁਭਾਅ ਹੀ ਉਸਦਾ ਵਿਹਾਰ ਆਧੁਨਿਕ ਸ਼ਹਿਰੀ ਕੀਮਤ ਪ੍ਰਬੰਧ ਦਾ ਵੀ ਅਨੁਸਾਰੀ ਹੋਇਆ ਨਜ਼ਰ ਆਉਂਦਾ ਹੈ। 'ਕਸਕ' ਨਾਵਲ ਦੀ ਨਾਇਕਾ ਰਮਾ ਵੀ 'ਪਰਛਾਵੇਂ' ਦੀ ਨਾਇਕਾ ਜਸਬੀਰ ਵਾਂਗ ਰਵਾਇਤੀ ਕੀਮਤਾਂ ਨੂੰ ਮਹੱਤਵ ਦਿੰਦੀ ਹੋਈ ਸ਼ਹਿਰੀ ਕੀਮਤਾਂ ਦੇ ਨਵੇਂ ਰੁਖ ਨੂੰ ਕਬੂਲ ਕਰਨ ਤੋਂ ਇਨਕਾਰੀ ਹੈ ਪਰ ਆਧੁਨਿਕ ਸਥਿਤੀਆਂ ਦੇ ਪ੍ਰਭਾਵ ਹੇਠ ਹੋਣ ਕਾਰਨ ਰੂਹ ਦੇ ਹਾਣੀ ਦੀ ਤਲਾਸ਼ ਹਿਤ ਯਤਨਸ਼ੀਲ ਹੁੰਦੀ ਹੋਈ ਇਹ ਆਧੁਨਿਕ ਜੀਵਨ ਦੇ ਮੁੱਲਾਂ ਨੂੰ ਚਾਹੇ-ਅਣਚਾਹੇ ਸਵੀਕਾਰਦੀ ਹੈ। 'ਤ੍ਰੇੜਾਂ ਤੇ ਰੂਪ' ਦੀ ਨਾਇਕਾ ਕਾਨਤਾ ਗਰੋਵਰ ਅਤੇ ਸਹਿ ਪਾਤਰ ਸਿੱਮੀ ਦੀਆਂ ਗਤੀਵਿਧੀਆਂ ਵੀ ਆਧੁਨਿਕ ਕੀਮਤਾਂ ਦੀਆਂ ਅਨੁਸਾਰੀ ਹੋ ਚੁੱਕੀਆਂ ਹਨ ਪਰ ਜਿੱਥੇ ਕਾਨਤਾ ਦੀ ਮਾਨਸਿਕਤਾ ਤੇ ਆਧੁਨਿਕ ਕੀਮਤਾਂ ਦੇ ਨਾਲ ਨਾਲ ਪਰੰਪਰਕ ਕੀਮਤਾਂ ਦੇ ਨਕਸ਼ ਵੀ ਸਥਾਪਿਤ ਹੋਏ ਮਿਲਦੇ ਹਨ, ਉਥੇ ਉਸਦੀ ਧੀ ਸਿੱਮੀ ਦੀ ਚੇਤਨਾ ਆਧੁਨਿਕ ਸ਼ਹਿਰੀ

ਕੀਮਤਾਂ ਦਾ ਪ੍ਰਭਾਵ ਵਧੇਰੇ ਕਬੂਲਦੀ ਹੈ। 'ਰੇਤ ਛਲ' ਨਾਵਲ ਦਾ ਨਾਇਕ ਦਿਲਜੀਤ ਸ਼ਹਿਰੀ ਸਮਾਜ ਵਿਚ ਵਿਚਰਦੇ ਹੋਏ ਵੀ ਆਪਣੀ ਪਸੰਦ ਦੀ ਕੁੜੀ ਅੱਗੇ ਸ਼ਰੇਆਮ ਆਪਣੇ ਪਿਆਰ ਭਾਵਾਂ ਦਾ ਇਜ਼ਹਾਰ ਨਹੀਂ ਕਰਦਾ। ਇਸ ਨਾਵਲ ਦੇ ਤਿੰਨੇ ਮੁੱਖ ਪਾਤਰ ਨਵੇਂ ਸੰਬੰਧ ਸਥਾਪਿਤ ਕਰਦਿਆਂ ਹੋਇਆ ਵੀ ਆਪਣੀ ਪਰੰਪਰਕ ਸੋਚ ਵਿਧਾ ਕਾਰਨ ਪਹਿਲੇ ਪ੍ਰੇਮ ਦੀਆਂ ਸਿਮਰਿਤੀਆਂ ਦਾ ਪੱਲਾ ਘੁੱਟ ਕੇ ਫੜੀ ਰੱਖਦੇ ਹਨ। ਨਾਵਲ ਵਿਚ ਰਾਜਿੰਦਰ ਨਾਮਕ ਪਾਤਰ ਪਰੰਪਰਕ ਜਾਗੀਰਦਾਰੀ ਸਮਾਜ ਵਾਲੀ ਸੋਚ ਵਿਧਾ ਦਾ ਅਨੁਸਾਰੀ ਹੋਇਆ ਇਸਤਰੀ ਦੇ ਵਧੇਰੇ ਖੁੱਲ੍ਹੇ ਵਿਹਾਰ ਨੂੰ ਅਨੁਚਿਤ ਮੰਨਦਾ ਹੈ। 'ਹਨੇਰਾ ਹੋਣ ਤਕ' ਨਾਵਲ ਦੇ ਪਾਤਰ ਵੀ ਆਧੁਨਿਕ ਮਾਹੌਲ ਵਿਚ ਵਿਚਰਦੇ ਹੋਏ ਨਿੱਜੀ ਸੋਚ ਅਨੁਸਾਰ ਆਪਣੀ ਜ਼ਿੰਦਗੀ ਨੂੰ ਢਾਲਦੇ ਹਨ। ਉਨ੍ਹਾਂ ਦੀ ਆਜ਼ਾਦ ਜ਼ਿੰਦਗੀ ਆਧੁਨਿਕ ਸ਼ਹਿਰੀ ਸਮਾਜ ਨੂੰ ਵੀ ਨਹੀਂ ਅੱਖੜਦੀ ਪਰ ਇਹ ਪਾਤਰ ਪਰੰਪਰਕ ਕੀਮਤਾਂ ਦੇ ਅਧੀਨ ਹੋਣ ਕਾਰਨ ਰਿਸ਼ਤਿਆਂ ਦੀਆਂ ਮਰਿਆਦਾਵਾਂ ਨਹੀਂ ਉਲੰਘਦੇ। 'ਇਕ ਹੋਰ ਨਵਾਂ ਸਾਲ' ਨਾਵਲ ਵਿਚ ਆਧੁਨਿਕ ਨਗਰ ਦੇ ਜੀਵਨ ਵਿਧਾਨਾਂ ਦੇ ਸਮਵਿੱਥ ਪਦਾਰਥਕ ਥੁੜ੍ਹਾਂ ਨਾਲ ਜੂਝ ਰਹੇ ਬੰਤੇ ਦੀ ਮਾਨਸਿਕਤਾ ਦਾ ਪ੍ਰਗਟਾਵਾ ਹੋਇਆ ਹੈ। 'ਜਦੋਂ ਸਵੇਰ ਹੋਈ' ਨਾਵਲ ਵਿਚ ਬੀਰੀ ਅਤੇ ਸਲਮਾ ਨਾਲ਼ੋ–ਨਾਲ਼ ਆਧੁਨਿਕ ਵਿਚਾਰਾਂ ਤੇ ਪੁਰਾਤਨ ਮਾਨਤਾਵਾਂ ਦੇ ਪ੍ਰਭਾਵ ਹੇਠ ਪ੍ਰਤੀਤ ਹੁੰਦੇ ਹਨ। 'ਜੁਗਾਂ ਤੋਂ ਪਾਰ' ਨਾਵਲ ਦਾ ਮੁੱਖ ਪਾਤਰ ਹਰਿਮੀਤ ਆਧੁਨਿਕ ਸ਼ਹਿਰੀ ਸਮਾਜ ਵਿਚ ਪੁਰਾਤਨ ਕੀਮਤਾਂ ਦਾ ਅਨੁਸਾਰੀ ਹੋਇਆ ਕਸ਼ਟ ਭੋਗਦਾ ਹੈ। 'ਗਵਾਚੇ ਅਰਥ' ਨਾਵਲ ਦਾ ਮੁੱਖ ਪਾਤਰ ਸ਼ਹਿਰੀ ਸਮਾਜ ਦੇ ਆਧੁਨਿਕ ਮਾਹੌਲ ਵਿਚ ਵੀ ਪਰੰਪਰਕ ਕਿਸਮ ਦੀ ਜਾਤੀਵਾਦੀ ਕੱਟੜਤਾ ਦੇ ਆਧਾਰ ਤੇ ਫ਼ੈਲੀ ਦਹਿਸ਼ਤਗਰਦੀ ਤੋਂ ਪਰੇਸ਼ਾਨ ਹੋਇਆ ਹੈ, ਵਧੇਰੇ ਕਰਕੇ ਤਸਨੀਮ ਇਸ ਨਾਵਲ ਵਿਚ ਨਿਖੇਧਾਤਮਕ ਆਧੁਨਿਕ ਜੀਵਨ ਢੰਗਾਂ ਦਾ ਪ੍ਰਗਟਾਵਾ ਕਰਦਾ ਹੈ।

ਨਰਿੰਜਨ ਤਸਨੀਮ ਨੇ ਨਾਵਲਾਂ ਵਿਚਲੇ ਪਾਤਰ ਆਧੁਨਿਕ ਅਤੇ ਪਰੰਪਰਾਗਤ ਕੀਮਤਾਂ ਵਿਚਾਲੇ ਜੂਝਦੇ ਹੋਏ ਮਾਨਸਿਕ ਦਵੰਦ ਦੀ ਤ੍ਰਾਸਦਿਕ ਸਥਿਤੀ ਦੇ ਭਾਗੀ ਬਣਦੇ ਹਨ। 'ਪਰਛਾਵੇਂ' ਨਾਵਲ ਦੇ ਰਮਿੰਦਰ ਅਤੇ ਮਿਸਿਜ਼ ਨਿਕਸਨ, 'ਕਸਕ' ਨਾਵਲ ਦੀ ਮੁੱਖ ਪਾਤਰ ਰਮਾ, 'ਤ੍ਰੇੜਾਂ ਤੇ

ਰੂਪ' ਨਾਵਲ ਦੀ ਕੇਂਦਰੀ ਪਾਤਰ ਕਾਨਤਾ ਗਰੋਵਰ, 'ਰੇਤ ਛਲ' ਨਾਵਲ ਦਾ ਮੁੱਖ ਪਾਤਰ ਦਿਲਜੀਤ, 'ਹਨੇਰਾ ਹੋਣ ਤਕ' ਨਾਵਲ ਦੇ ਪਾਤਰ ਨਰਿੰਦਰ ਰਾਹੀ ਅਤੇ ਡੌਲੀ 'ਜਦੋਂ ਸਵੇਰ ਹੋਈ' ਨਾਵਲ ਦਾ ਮੁੱਖ ਪਾਤਰ ਬੀਰੀ ਮਾਨਸਿਕ ਦਵੰਦ ਵਿਚ ਗ੍ਰਸੇ ਹੋਏ ਪਾਤਰ ਹਨ। ਇਨ੍ਹਾਂ ਪਾਤਰਾਂ ਦੀਆਂ ਆਧੁਨਿਕਤਾ ਦੀਆਂ ਅਨੁਸਾਰੀ ਅਕਾਂਖਿਆਵਾਂ ਨੂੰ ਇਹਨਾ ਦੀ ਚੇਤਨਾਂ ਵਿਚ ਬਿਰਾਜਮਾਨ ਪਰੰਪਰਕ ਕੀਮਤਾਂ ਵਰਜਦੀਆਂ ਹਨ ਤਾਂ ਇਹਨਾਂ ਪਾਤਰਾਂ ਦੀ ਮਾਨਸਿਕਤਾ ਦਵੰਦਗ੍ਰਸਤ ਹੋ ਨਿਬੜਦੀ ਹੈ।

ਤਸਨੀਮ ਦੇ ਨਾਵਲਾਂ ਵਿਚ ਸ਼ਹਿਰੀ ਸਮਾਜ ਵਿਚ ਔਰਤ ਮਰਦ ਸੰਬੰਧਾਂ ਦੇ ਉੱਘੜ ਰਹੇ ਨਵੀਨ ਨਕਸ਼ਾਂ ਦਾ ਚਿਤਰਨ ਹੋਇਆ ਮਿਲਦਾ ਹੈ। ਪਰੰਪਰਕ ਅਤੇ ਆਧੁਨਿਕ ਮੁੱਲਾਂ ਦੇ ਨਾਲੋ-ਨਾਲ ਅਨੁਸਾਰੀ ਤਸਨੀਮ ਦੇ ਨਾਵਲਾਂ ਦੇ ਵਧੇਰੇ ਇਸਤਰੀ ਤੇ ਮਰਦ ਪਾਤਰ ਇਕ ਤੋਂ ਵਧੀਕ ਵਿਪਰੀਤ ਲਿੰਗੀ ਪਾਤਰਾਂ ਨਾਲ ਸੰਬੰਧ ਸਥਾਪਿਤ ਕਰਦੇ ਹਨ। ਜਸਬੀਰ (ਪਰਛਾਵੇਂ) ਅਤੇ ਰਮਾ (ਕਸਕ) ਵਰਗੀਆਂ ਨਾਇਕਾਵਾਂ ਸਥਾਪਿਤ ਸਮਾਜਿਕ ਕੀਮਤਾਂ ਦੀਆਂ ਅਨੁਸਾਰੀ ਹੁੰਦੀਆਂ ਹੋਈਆਂ ਵੀ ਆਤਮ ਤ੍ਰਿਪਤੀ ਅਤੇ ਸਮਾਜਿਕ ਸੁਰੱਖਿਆ ਵਰਗੀਆਂ ਲੋੜਾਂ ਨੂੰ ਆਧਾਰ ਬਣਾ ਕੇ ਇਕ ਤੋਂ ਵਧੀਕ ਮਰਦ ਪਾਤਰਾਂ ਨਾਲ ਜੁੜਦੀਆਂ ਹਨ। 'ਰੇਤ ਛਲ' ਨਾਵਲ ਦਾ ਨਾਇਕ ਦਿਲਜੀਤ ਇਕੋ ਸਮੇਂ ਦੋ-ਦੋ ਇਸਤਰੀ ਪਾਤਰਾਂ ਨੂੰ ਚਿਤਵਦਾ ਹੈ। ਇਸਤਰੀ ਪਾਤਰਾਂ ਕਾਨਤਾ ਗਰੋਵਰ (ਤ੍ਰੇੜਾਂ ਤੇ ਰੂਪ), ਰੋਸ਼ੀ (ਰੇਤ ਛਲ) ਅਤੇ ਮਿਸਿਜ ਕੈਨਥ (ਹਨੇਰਾ ਹੋਣ ਤੱਕ) ਆਪਣੇ ਵਿਆਹ ਉਪਰੰਤ ਵੀ ਪਹਿਲੇ ਪ੍ਰੇਮੀਆਂ ਦੀਆਂ ਸਿਮਰਿਤੀਆਂ ਨੂੰ ਪਰੰਪਰਕ ਪ੍ਰੇਮਿਕਾਵਾਂ ਵਾਂਗ ਚਿਤਵਦੀਆਂ ਹਨ। ਪਰ ਇਹ ਪਾਤਰ ਰਵਾਇਤੀ ਔਰਤਾਂ ਵਾਂਗ ਪਤੀ ਨੂੰ ਦੇਵਤਾ ਮੰਨ ਉਸ ਪ੍ਰਤੀ ਤਨੋ-ਮਨੋ ਸਮਰਪਿਤ ਹੋਣ ਵਾਲੀ ਭਾਵਨਾਂ ਨਹੀਂ ਰੱਖਦੀਆਂ। 'ਹਨੇਰਾ ਹੋਣ ਤੱਕ' ਨਾਵਲ ਦਾ ਨਾਇਕ ਨਰਿੰਦਰ ਰਾਹੀ ਆਪਣੀ ਅਸਤ ਵਿਅਸਤ ਮਾਨਸਿਕਤਾ ਵੀ ਸੰਤੁਸ਼ਟੀ ਹਿੱਤ ਕਦੀ ਇਕ ਔਰਤ ਵੱਲ ਉਲਾਰ ਹੁੰਦਾ ਹੈ, ਕਦੀ ਦੂਜੀ ਵੱਲ ਤੇ ਕਦੀ ਤੀਜੀ ਵੱਲ ਪਰ ਇੰਨੀਆਂ ਔਰਤਾਂ ਨੇ ਨੇੜੇ ਢੁੱਕਣ ਦੇ ਬਾਵਜੂਦ ਵੀ ਇਹ ਆਧੁਨਿਕ ਮਰਦ ਪਾਤਰ ਮਾਨਸਿਕ ਸੰਤੁਸ਼ਟੀ ਦੀ ਨਿਆਮਤ ਤੋਂ ਵਾਂਝਾ ਹੀ ਰਹਿੰਦਾ ਹੈ। 'ਜਦੋਂ ਸਵੇਰ ਹੋਈ'

ਨਾਵਲ ਦਾ ਮੁੱਖ ਪਾਤਰ ਬੀਰੀ ਪਰੰਪਰਕ ਪ੍ਰੇਮੀ ਵਾਂਗ ਆਪਣੀ ਪ੍ਰੇਮ ਪਾਤਰ ਦੀ ਪ੍ਰਾਪਤੀ ਲਈ ਕਿਧਰੇ ਵੀ ਬਿਹਬਲ ਹੋਇਆ ਪ੍ਰਤੀਤ ਨਹੀਂ ਹੁੰਦਾ। ਨਰਿੰਜਨ ਤਸਨੀਮ ਦੇ ਨਾਵਲ ਜਗਤ ਨਾਲ ਸੰਬੰਧਤ ਇਸਤਰੀ ਮਰਦ ਪਾਤਰ ਆਧੁਨਿਕ ਸ਼ਹਿਰੀ ਸਮਾਜ ਵਿਚ ਵਿਚਰਦੇ ਹੋਏ ਇਕ ਤੋਂ ਵੱਧ ਪਾਤਰਾਂ ਨਾਲ ਸੰਬੰਧ ਸਥਾਪਿਤ ਕਰ ਆਪਣੀਆਂ ਭਾਵਨਾਵਾਂ ਤੇ ਜੀਵਨ ਨੂੰ ਸੰਤੁਲਿਤ ਕਰਨਾ ਲੋਚਦੇ ਹਨ ਪਰ ਚੇਤਨਾ ਵਿਚ ਪਈਆਂ ਪਰੰਪਰਕ ਕੀਮਤਾਂ ਜਦੋਂ ਸਿਰ ਚੁੱਕਦੀਆਂ ਹਨ ਤਾਂ ਇਨ੍ਹਾਂ ਦੀਆਂ ਖੁੱਲ੍ਹੀਆਂ ਡੁੱਲੀਆਂ ਇਛਾਵਾਂ ਆਪਣੇ ਆਪ ਵਿਚ ਹੀ ਸੁੰਗੜਨ ਲਗਦੀਆਂ ਹਨ ਅਤੇ ਇਹਨਾਂ ਦੁਆਰਾ ਲਈਆਂ ਖੁੱਲ੍ਹਾਂ ਇਨ੍ਹਾਂ ਦੇ ਮਨਾਂ ਵਿਚ ਤਨਾਓ ਭਾਵ ਨੂੰ ਉਜਾਗਰ ਕਰਦੀਆਂ ਹਨ।

ਤਸਨੀਮ ਦੇ ਸ਼ਹਿਰੀ ਸਮਾਜ ਨਾਲ ਸੰਬੰਧਤ ਨਵ-ਜੀਵਨ ਕੀਮਤ ਪ੍ਰਬੰਧ ਦੇ ਅਨੁਸਾਰੀ ਹੋਏ ਪਾਤਰ ਹੋਂਦ ਦੀ ਸਮੱਸਿਆ ਨਾਲ ਜੂਝ ਰਹੇ ਹਨ। ਇਹ ਪਾਤਰ ਸ਼ਹਿਰੀ ਸਮਾਜ ਵਿਚ ਵਿਚਰਦੇ ਹੋਏ ਆਪਣੀਆਂ ਮਾਨਸਿਕ, ਜਿਨਸੀ ਅਤੇ ਆਰਥਿਕ ਅਤ੍ਰਿਪਤੀਆਂ ਨਾਲ ਸੰਘਰਸ਼ ਕਰਦੇ ਹੋਏ ਲਘੂ ਮਾਨਵ ਪ੍ਰਤੀਤ ਹੁੰਦੇ ਹਨ। ਦਿਲਜੀਤ (ਰੇਤ ਛਲ), ਨਰਿੰਦਰ ਰਾਹੀ (ਹਨੇਰਾ ਹੋਣ ਤੱਕ) ਅਤੇ ਹਰਿਮੀਤ (ਜੁਗਾਂ ਤੋਂ ਪਾਰ) ਆਦਿ ਪਾਤਰਾਂ ਨੂੰ ਆਧੁਨਿਕ ਪਦਾਰਥਵਾਦੀ ਯੁੱਗ ਵਿਚ ਪਦਾਰਥਕ ਉਪਲਬਧੀਆਂ ਤੋਂ ਵਿਹੂਣੇ ਹੋਣ ਕਾਰਨ ਆਪਣਾ ਅਸਤਿਤਵ ਬੌਣਾ ਮਹਿਸੂਸ ਹੁੰਦਾ ਹੈ। ਐਸ ਇਸ਼ਰਤ ਨਾਲ ਭਰਪੂਰ ਆਧੁਨਿਕ ਸ਼ਹਿਰੀ ਸਮਾਜ ਕੋਲ ਉੱਚ ਤੇ ਮੱਧ ਵਰਗ ਲਈ ਜੀਵਨ ਨੂੰ ਮਾਨਣ ਦੇ ਬਹੁਤੇਰੇ ਵਸੀਲੇ ਮੌਜੂਦ ਹਨ। ਇਸ ਤੱਥ ਦਾ ਪ੍ਰਗਟਾਵਾ ਵੀ ਨਰਿੰਜਨ ਤਸਨੀਮ ਦੇ ਨਾਵਲਾਂ ਵਿਚ ਹੁੰਦਾ ਹੈ। ਤਸਨੀਮ ਦੇ ਨਾਵਲਾਂ ਦੇ ਪਾਤਰ ਆਧੁਨਿਕ ਨਗਰਾਂ, ਮਹਾਂਨਗਰਾ ਵਿਚ ਵਸਦੇ ਹੋਏ ਐਸ਼ ਪ੍ਰਸਤੀ ਵੱਲ ਉਲਾਰ ਹੋਏ ਦਿਸਦੇ ਹਨ। ਆਪਣੇ ਜੀਵਨ ਦੀਆਂ ਸਮੱਸਿਆਵਾਂ ਆਪਣੇ ਮਾਨਸਿਕ ਤਨਾਵਾਂ ਤੋਂ ਮੁਕਤ ਹੋਣ ਹਿੱਤ, ਕਾਨਤਾ ਗਰੋਵਰ (ਤ੍ਰੇੜਾਂ ਤੇ ਰੂਪ), ਰਮਾ (ਕਸਕ), ਦਿਲਜੀਤ (ਰੇਤ ਛਲ), ਨਰਿੰਦਰ ਰਾਹੀ (ਹਨੇਰਾ ਹੋਣ ਤੱਕ), ਮਿਸਿਜ ਕੈਨਥ (ਹਨੇਰਾ ਹੋਣ ਤੱਥ) ਆਦਿ ਪਾਤਰ ਉਪਭੋਗੀ ਰੁਚੀਆਂ ਦਾ ਸ਼ਿਕਾਰ ਹੁੰਦੇ ਹਨ। ਰਣਧੀਰ ਤੇ ਰਾਜਨ (ਕਸਕ) ਵਰਗੇ ਪਾਤਰ ਕੇਵਲ ਜੀਵਨ ਦਾ ਰਸ ਲੈਣ ਖਾਤਰ ਉਪਭੋਗੀ ਰੁਚੀਆਂ ਵਿਚ ਗਲਤਾਨ ਹੁੰਦੇ ਨਜ਼ਰ ਅਉਂਦੇ ਹਨ। ਪਰ

ਵਿਡੰਬਨਾ ਇਹ ਹੈ ਕਿ ਇਹ ਉਪਭੋਗੀ ਰੁਚੀਆਂ ਨਾ ਤਾਂ ਇਨ੍ਹਾਂ ਦੇ ਜੀਵਨ ਨੂੰ ਕੋਈ ਸੇਧ ਪ੍ਰਦਾਨ ਕਰਨ ਦੇ ਸਮਰੱਥ ਹਨ ਅਤੇ ਨਾ ਹੀ ਇਹ ਇਨ੍ਹਾਂ ਦੀਆਂ ਸਮੱਸਿਆਵਾਂ ਦਾ ਕੋਈ ਢੁਕਵਾਂ ਅਤੇ ਸਥਾਈ ਹੱਲ ਬਣਦੀਆਂ ਹਨ।

ਨਰਿੰਜਨ ਤਸਨੀਮ ਆਪਣੇ ਨਾਵਲਾਂ ਵਿਚ ਆਧੁਨਿਕ ਸ਼ਹਿਰੀ ਜੀਵਨ ਨਾਲ ਸੰਬੰਧਤ ਵੇਰਵੇ ਕਲਾਤਮਕ ਤੇ ਸੁਭਾਵਕ ਢੰਗ ਨਾਲ ਪ੍ਰਗਟਾਉਂਦਾ ਹੈ। ਉਸਦੇ ਸਮੁੱਚੇ ਨਾਵਲ ਜਗਤ ਨਾਲ ਸੰਬੰਧਤ ਪਾਤਰ ਆਧੁਨਿਕ ਅਤੇ ਪਰੰਪਰਕ ਕੀਮਤਾਂ ਦੇ ਨਾਲੋ-ਨਾਲ ਸਮਰਥਕ ਪ੍ਰਤੀਤ ਹੁੰਦੇ ਹਨ। ਆਧੁਨਿਕ ਅਤੇ ਪਰੰਪਰਕ ਕਦਰਾਂ-ਕੀਮਤਾਂ ਦੇ ਤਨਾਓ ਨੂੰ ਭੋਗਦੇ ਪਾਤਰਾਂ ਦੀਆਂ ਮਨੋ ਦਿਸ਼ਾਵਾਂ ਅਤੇ ਜੀਵਨ ਸਥਿਤੀਆਂ ਦਾ ਪ੍ਰਗਟਾਵਾ ਨਰਿੰਜਨ ਤਸਨੀਮ ਉਚਿਤ ਪ੍ਰਗਟਾਅ ਢੰਗਾਂ ਰਾਹੀਂ ਕਰਦਾ ਹੈ।